BRAMPTON Flower City brampton.ca

media release

ਤੁਰੰਤ ਰਿਲੀਜ ਲਈ

## ਸਭ ਤੋਂ ਮਹੱਤਵਪੂਰਣ ਚੀਜ਼ਾਂ ਦੀ ਰੱਖਿਆ ਕਰੋ – ਤੁਸੀਂ ਅਤੇ ਤੁਹਾਡਾ ਪਰਿਵਾਰ। ਅੱਜ ਹੀ ਆਪਣੇ CO ਅਲਾਰਮਾਂ ਦੀ ਜਾਂਚ ਕਰੋ!

### *ਸਿਟੀ ਆਫ ਬ੍ਰੈਂਪਟਨ, 1-7 ਨਵੰਬਰ ਨੂੰ ਕਾਰਬਨ ਮੋਨੋਆਕਸਾਈਡ ਅਵੇਅਰਨੈਸ ਵੀਕ ਮਨਾ ਰਿਹਾ ਹੈ*

ਬ੍ਰੈਂਪਟਨ, ਓਨਟੈਰੀਓ (1 ਨਵੰਬਰ, 2019) – ਅੱਜ, ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ (ਬੀ.ਐਫ.ਈ.ਐਸ.) (Brampton Fire and Emergency Services) (BFES) ਨੇ ਇਸ ਬਾਰੇ ਲੋਕਾਂ ਨੂੰ ਜਾਣਕਾਰੀ ਦੇਣ ਲਈ ਕਾਰਬਨ ਮੋਨੋਆਕਸਾਈਡ ਅਵੇਅਰਨੈਸ ਵੀਕ (Carbon Monoxide Awareness Week) ਦੀ ਸ਼ੁਰੂਆਤ ਕੀਤੀ ਕਿ ਆਪਣੇ ਘਰ ਅਤੇ ਕਾਰਜ ਸਥਾਨ ਨੂੰ ਕਾਰਬਨ ਮੋਨੋਆਕਸਾਈਡ (ਸੀ.ਓ.) ਤੋਂ ਸੁਰੱਖਿਅਤ ਕਿਵੇਂ ਰੱਖਿਆ ਜਾਵੇ।

ਸਮੁੱਚੇ ਹਫ਼ਤੇ ਦੇ ਦੌਰਾਨ, ਬੀ.ਐਫ.ਈ.ਐਸ. (BFES) ਇਹਨਾਂ ਥਾਵਾਂ ਤੇ ਪੂਰੀ ਸਿਟੀ ਵਿੱਚ ਕਈ ਅਸਥਾਈ (ਪੌਪ-ਅਪ) ਕਾਰਜਕਰਮ ਆਯੋਜਿਤ ਕਰੇਗਾ:

| ਤਾਰੀਖ | ਸਮਾਂ | ਥਾਂ |
|---|---|---|
| 1 ਨਵੰਬਰ, 2019 | ਸਵੇਰੇ 11 ਵਜੇ – ਦੁਪਹਿਰ ਬਾਅਦ 3 ਵਜੇ | ਕੋਸਟਕੋ, 10 ਬਾਈਸਕੇਨ ਕ੍ਰੀਸੈਂਟ (Costco, 10 Biscayne Cres.) |
| 2 ਨਵੰਬਰ, 2019 | ਸਵੇਰੇ 10 ਵਜੇ – ਦੁਪਹਿਰ ਬਾਅਦ 2 ਵਜੇ | ਕੈਸੀ ਕੈਂਪਬੈਲ ਰੇਕ੍ਰੀਏਸ਼ਨ ਸੈਂਟਰ, 1050 ਸੈਂਡਲਵੁੱਡ ਪਾਰਕਵੇ ਵੈਸਟ (Cassie Campbell Recreation Centre, 1050 Sandalwood Pwky W.) |
| 2 ਨਵੰਬਰ, 2019 | ਸਵੇਰੇ 10 ਵਜੇ – ਦੁਪਹਿਰ ਬਾਅਦ 2 ਵਜੇ | ਰੋਨਾ, 40 ਗਿਲਿਨਗਮ ਡ੍ਰਾਈਵ (Rona, 40 Gillingham Dr.) |
| 4 ਨਵੰਬਰ, 2019 | ਸਵੇਰੇ 11 ਵਜੇ – ਦੁਪਹਿਰ ਬਾਅਦ 1 ਵਜੇ | ਬ੍ਰੈਂਪਟਨ ਸਿਟੀ ਹਾਲ, 2 ਵੈਲਿੰਗਟਨ ਸਟ੍ਰੀਟ ਵੈਸਟ (Brampton City Hall, 2 Wellington St. W.) |
| 5 ਨਵੰਬਰ, 2019 | ਸ਼ਾਮ 4 – 7 ਵਜੇ | ਗੋਰ ਮੇਡੋਜ ਕਮਿਉਨਿਟੀ ਸੈਂਟਰ, 10150 ਦ ਗੋਰ ਰੋਡ (Gore Meadows Community Centre, 10150 The Gore Road) |
| 6 ਨਵੰਬਰ, 2019 | ਦੁਪਹਿਰ ਬਾਅਦ 3 ਵਜੇ – ਸ਼ਾਮ 7 ਵਜੇ | ਫਾਇਰ/ਲਾਈਫ ਸੇਫਟੀ ਐਜੁਕੇਸ਼ਨ ਸੈਂਟਰ, 225 ਸੈਂਟਰਲ ਪਾਰਕ ਡ੍ਰਾਈਵ (Fire/Life Safety Education Centre, 225 Central Pk. Dr.) |

| | | |
|---|---|---|
| 7 ਨਵੰਬਰ, 2019 | ਦੁਪਹਿਰ ਬਾਅਦ 3 ਵਜੇ – ਸ਼ਾਮ 7 ਵਜੇ | ਹੋਮ ਡਿਪੋ, 49 ਫਸਟ ਗਲਫ ਬੁਲੇਵਾਰਡ (Home Depot, 49 First Gulf Blvd.) |

**ਸੁਰੱਖਿਆ ਸਬੰਧੀ ਸੁਝਾਅ:**

- ਯਕੀਨੀ ਬਣਾਓ ਕਿ ਸੌਣ ਵਾਲੇ ਸਾਰੇ ਹਿੱਸਿਆਂ ਦੇ ਕੋਲ ਚਾਲੂ ਸੀ.ਓ. ਅਲਾਰਮ ਲੱਗੇ ਹੋਏ ਹਨ
- ਮਹੀਨੇ ਵਿੱਚ ਇੱਕ ਵਾਰ ਜਾਂ ਨਿਰਮਾਤਾ ਦੇ ਨਿਰਦੇਸ਼ਾਂ ਦੇ ਮੁਤਾਬਕ ਸੀ.ਓ. ਅਲਾਰਮਾਂ ਦੀ ਜਾਂਚ ਕਰੋ।
- ਨਿਰਮਾਤਾ ਦੇ ਨਿਰਦੇਸ਼ਾਂ ਮੁਤਾਬਕ ਅਲਾਰਮਾਂ ਨੂੰ ਬਦਲੋ।
- ਸਾਲ ਵਿੱਚ ਘੱਟੋ-ਘੱਟ ਇੱਕ ਵਾਰ ਜਾਂ ਜਦੋਂ ਵੀ ਅਲਾਰਮ ਵਿੱਚ ਘੱਟ-ਬੈਟਰੀ ਦੀ ਚਿਤਾਵਨੀ ਆਵੇ ਤਾਂ ਅਲਾਰਮ ਦੀਆਂ ਬੈਟਰੀ ਬਦਲੋ। ਕਦੇ ਵੀ ਦੇਰ ਨਾ ਕਰੋ।

ਇਸ ਬਾਰੇ ਹੋਰ ਸੁਝਾਵਾਂ ਲਈ ਕਿ ਆਪਣੇ ਪਰਿਵਾਰ ਦੀ ਰੱਖਿਆ ਕਿਵੇਂ ਕੀਤੀ ਜਾਵੇ, www.bramptonfire.com ਤੇ ਜਾਓ।

**ਹਵਾਲੇ**

"ਕਾਰਬਨ ਮੋਨੋਆਕਸਾਈਡ ਅਵੇਅਰਨੈਸ ਵੀਕ, ਸਾਰੇ ਲੋਕਾਂ ਨੂੰ ਇਹ ਯਾਦ ਕਰਾਉਣ ਦਾ ਬਹੁਤ ਵਧੀਆ ਰਿਮਾਈਂਡਰ ਹੈ ਕਿ ਉਹ ਆਪਣੇ ਘਰਾਂ ਵਿੱਚ ਚਾਲੂ ਕਾਰਬਨ ਮੋਨੋਆਕਸਾਈਡ ਅਲਾਰਮ ਲਗਵਾਉਣ। ਸੀ.ਓ. ਇੱਕ ਚੁੱਪਚਾਪ ਆਉਣ ਵਾਲਾ ਹਤਿਆਰਾ ਹੈ ਕਿਉਂਕਿ ਇਹ ਰੰਗਹੀਣ, ਸੁਆਦਹੀਣ ਅਤੇ ਗੰਧਹੀਣ ਗੈਸ ਹੈ। ਮੈਂ ਨਿਵਾਸੀਆਂ ਨੂੰ ਉਤਸ਼ਾਹਿਤ ਕਰਦਾ ਹਾਂ ਕਿ ਉਹ ਇਸ ਹਫ਼ਤੇ ਬ੍ਰੈਂਪਟਨ ਵਿੱਚ ਹੋਣ ਵਾਲੇ ਕਈ ਕਾਰਜਕਰਮਾਂ ਵਿੱਚੋਂ ਕਿਸੇ ਇੱਕ ਵਿੱਚ ਜਾਣ ਅਤੇ ਬ੍ਰੈਂਪਟਨ ਫਾਇਰ ਦੇ ਮਾਹਰਾਂ ਦੀ ਸਾਡੀ ਸਮਰਪਿਤ ਟੀਮ ਨਾਲ ਗੱਲ ਕਰਨ। ਅਸੀਂ ਸਾਰੇ ਆਪਣੇ ਭਾਈਚਾਰੇ ਨੂੰ ਸੁਰੱਖਿਅਤ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਾਂ।"

- *ਮੇਅਰ ਪੈਟਰਿਕ ਬ੍ਰਾਊਨ (Patrick Brown)*

"ਸਾਡੀ ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ ਟੀਮ, ਸਾਡੇ ਭਾਈਚਾਰੇ ਦੀ ਸੁਰੱਖਿਆ ਅਤੇ ਤੰਦਰੁਸਤੀ ਦੀ ਰੱਖਿਆ ਲਈ ਸਖ਼ਤ ਮਿਹਨਤ ਕਰਦੀ ਹੈ। ਘਰ ਵਿੱਚ ਕਾਰਬਨ ਮੋਨੋਆਕਸਾਈਡ ਦੇ ਚਾਲੂ ਅਲਾਰਮ ਲਗਵਾ ਕੇ ਨਿਵਾਸੀ ਵੀ ਆਪਣੀ ਅਤੇ ਆਪਣੇ ਪਰਿਵਾਰਾਂ ਦੀ ਰੱਖਿਆ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਜਦੋਂ ਅਸੀਂ ਸਾਰੇ ਮਿਲ ਕੇ ਆਪਣੀ-ਆਪਣੀ ਭੂਮਿਕਾ ਨਿਭਾਉਂਦੇ ਹਾਂ, ਤਾਂ ਅਸੀਂ ਜ਼ਿੰਦਗੀਆਂ ਬਚਾਉਣ ਵਿੱਚ ਮਦਦ ਕਰ ਸਕਦੇ ਹਾਂ।"

- *ਰੀਜਨਲ ਕਾਉਂਸਲਰ ਰੋਏਨਾ ਸੈਨਟੋਸ (Rowena Santos), ਚੇਅਰ, ਕਮਿਊਨਿਟੀ ਸਰਵਿਸਿਜ*

"ਕਾਰਬਨ ਮੋਨੋਆਕਸਾਈਡ ਅਵੇਅਰਨੈਸ ਦੇ ਦੌਰਾਨ, ਸਾਡਾ ਉਦੇਸ਼, ਸਾਡੇ ਭਾਈਚਾਰੇ ਵਿੱਚ ਜਾਗਰੂਕਤਾ ਵਧਾਉਣਾ ਹੈ, ਤਾਂ ਜੋ ਨਿਵਾਸੀ ਕਾਰਬਨ ਮੋਨੋਆਕਸਾਈਡ ਨਾਲ ਸਬੰਧਿਤ ਘਟਨਾਵਾਂ ਤੋਂ ਖੁਦ ਦੀ ਬਿਹਤਰ ਢੰਗ ਨਾਲ ਰੱਖਿਆ ਕਰ ਸਕਣ। ਘਰ ਦੇ ਮਾਲਕ ਅਤੇ ਮਕਾਨ ਮਾਲਕਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਇਹ ਯਕੀਨੀ ਬਣਾਉਣ ਕਿ ਉਹਨਾਂ ਦੀਆਂ ਪ੍ਰਾਪਰਟੀਜ਼ ਵਿੱਚ ਸਾਰੀਆਂ ਮੰਜ਼ਲਾਂ ਅਤੇ ਸੌਣ ਵਾਲੇ ਸਾਰੇ ਹਿੱਸਿਆਂ ਦੇ ਕੋਲ ਚਾਲੂ ਕਾਰਬਨ ਮੋਨੋਆਕਸਾਈਡ

(ਸੀ.ਓ.) ਅਲਾਰਮ ਲੱਗੇ ਹੋਏ ਹਨ। ਇਹ ਯਕੀਨੀ ਬਣਾਉਣ ਲਈ ਕਿ ਤੁਸੀਂ ਅਤੇ ਤੁਹਾਡੇ ਪਿਆਰੇ ਸੁਰੱਖਿਅਤ ਹਨ, ਨਿਯਮਿਤ ਰੂਪ ਨਾਲ ਉਹਨਾਂ ਦੀ ਜਾਂਚ ਜ਼ਰੂਰ ਕਰੋ।"

- *ਫਾਇਰ ਚੀਫ ਬਿਲ ਬੋਇਸ (Bill Boyes), ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਊਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca